| ਪਾਲਸੀ: | | |
|---|---|---|
| **ਜਿਗਰੀ ਸਾਥੀ ਵਲੋਂ ਹਿੰਸਾ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **IPV 1** | 1 ਮਾਰਚ, 2018 | ALT 1 CHA 1 REC 1<br>RES 1 VIC 1 VUL 1 |

## ਸਿਧਾਂਤ

ਜਿਗਰੀ ਸਾਥੀ (ਪਾਰਟਨਰ) ਵਲੋਂ ਹਿੰਸਾ ਇਕ ਬਹੁਤ ਗੰਭੀਰ, ਵਿਆਪਕ ਅਤੇ ਗੁੰਝਲਦਾਰ ਸਮੱਸਿਆ ਹੈ ਜਿਸ ਲਈ ਖਾਸ ਜਵਾਬੀ ਕਾਰਵਾਈ ਦੀ ਲੋੜ ਹੁੰਦੀ ਹੈ ਜੋ ਕਿ ਸਰਗਰਮੀ, ਤਾਲਮੇਲ ਵਾਲੀ ਅਤੇ ਤਕੜੀ ਹੁੰਦੀ ਹੈ।

ਜਿਗਰੀ ਸਾਥੀ ਵਲੋਂ ਹਿੰਸਾ ਬਹੁਤ ਸਾਰੇ ਹੋਰ ਜੁਰਮਾਂ ਤੋਂ ਵੱਖਰੀ ਹੈ:

- ਇਹ ਸਮਾਜ ਦੇ ਸਾਰੇ ਹਿੱਸਿਆਂ ਵਿਚ ਵਿਆਪਕ ਹੈ
- ਸਰੀਰਕ, ਜਜ਼ਬਾਤੀ, ਦਿਮਾਗੀ ਅਤੇ ਵਿੱਤੀ ਅਸਰ ਅਕਸਰ ਲੰਬਾ ਸਮਾਂ ਰਹਿਣ ਵਾਲੇ ਅਤੇ ਅਹਿਮ ਹੁੰਦੇ ਹਨ
- ਇਹ ਦੁਹਰਾਈ ਜਾਣ ਵਾਲੀ ਹੁੰਦੀ ਹੈ ਅਤੇ ਬਾਹਰੀ ਦਖਲਅੰਦਾਜ਼ੀ ਨਾਲ, ਜਿਵੇਂ ਕਿ ਪੁਲੀਸ ਜਾਂ ਅਦਾਲਤ ਦੀ ਸ਼ਮੂਲੀਅਤ ਨਾਲ, ਪੀੜਿਤ ਲਈ ਖਤਰਾ ਵਧ ਸਕਦੀ ਹੈ
- ਪੀੜਿਤ ਅਕਸਰ ਦੋਸ਼ੀ ਨਾਲ ਮਾਇਕ ਅਤੇ ਜਜ਼ਬਾਤੀ ਤੌਰ ’ਤੇ ਜੁੜਿਆ ਹੋਇਆ ਹੁੰਦਾ ਹੈ, ਇਸ ਕਰਕੇ ਦੋਸ਼ੀ ’ਤੇ ਠੋਸੀਆਂ ਗਈਆਂ ਕੋਈ ਵੀ ਪਾਬੰਦੀਆਂ ਦਾ ਪੀੜਿਤ ’ਤੇ ਵੀ ਬੁਰਾ ਅਸਰ ਹੋ ਸਕਦਾ ਹੈ
- ਹਿੰਸਾ ਦਾ ਪੱਧਰ ਬਹੁਤ ਜ਼ਿਆਦਾ ਹੋ ਸਕਦਾ ਹੈ, ਕੈਨੇਡਾ ਵਿਚ ਹੋਣ ਵਾਲੇ ਪੰਜ ਕਤਲਾਂ ਵਿੱਚੋਂ ਇਕ ਜਿਗਰੀ ਸਾਥੀ ਦੇ ਹੱਥੋਂ ਹੁੰਦਾ ਹੈ

## ਇਸ ਪਾਲਸੀ ਦੀ ਵਰਤੋਂ

ਇਸ ਪਾਲਸੀ ਦੇ ਮੰਤਵ ਲਈ:

“ਜਿਗਰੀ ਸਾਥੀ” ਭਾਵ ਇਨਟੀਮੇਟ ਪਾਰਟਨਰ ਵਿਚ ਕੋਈ ਵੀ ਉਹ ਵਿਅਕਤੀ ਸ਼ਾਮਲ ਹੈ – ਲਿੰਗ ਜਾਂ ਕਾਮੁਕ ਰੁਚੀਆਂ ਦੇ ਭੇਦ ਬਿਨਾਂ – ਜਿਸ ਨਾਲ ਕਥਿਤ ਦੋਸ਼ੀ/ਦੋਸ਼ੀ ਦਾ ਲਗਾਤਾਰ ਨੇੜਲਾ ਅਤੇ ਨਿੱਜੀ ਜਾਂ ਜਿਗਰੀ ਰਿਸ਼ਤਾ ਹੈ, ਜਾਂ ਸੀ, ਭਾਵੇਂ ਉਹ ਕਾਨੂੰਨੀ ਤੌਰ ’ਤੇ ਵਿਆਹੇ ਹੋਏ ਸੀ ਜਾਂ ਨਹੀਂ ਜਾਂ ਕਥਿਤ ਮੁਜਰਮਾਨਾ ਵਤੀਰੇ ਸਮੇਂ ਇਕੱਠੇ ਰਹਿ ਰਹੇ ਸੀ।

“ਜਿਗਰੀ ਸਾਥੀ (ਇਨਟੀਮੇਟ ਪਾਰਟਨਰ) ਵਲੋਂ ਹਿੰਸਾ” (ਆਈ ਪੀ ਵੀ) ਵਿਚ ਸ਼ਾਮਲ ਹਨ:

- ਕੋਈ ਜੁਰਮ ਜਿਸ ਵਿਚ ਜਿਗਰੀ ਸਾਥੀ ’ਤੇ ਸਰੀਰਕ ਜਾਂ ਕਾਮੁਕ ਹਮਲਾ, ਜਾਂ ਸਰੀਰਕ ਜਾਂ ਕਾਮੁਕ ਹਮਲੇ ਦੀ ਧਮਕੀ ਸ਼ਾਮਲ ਹੈ

- ਸਰੀਰਕ ਜਾਂ ਕਾਮੁਕ ਹਮਲੇ ਦੀ ਬਜਾਏ ਕੋਈ ਹੋਰ ਜੁਰਮ, ਜਿਵੇਂ ਕਿ ਮੁਜਰਮਾਨਾ ਤਰੀਕੇ ਨਾਲ ਪਰੇਸ਼ਾਨ ਕਰਨਾ, ਧਮਕੀਆਂ ਦੇਣਾ, ਸਹਿਮਤੀ ਤੋਂ ਬਿਨਾਂ ਨਿੱਜੀ/ਪ੍ਰਾਈਵੇਟ ਤਸਵੀਰਾਂ ਨੂੰ ਪ੍ਰਦਰਸ਼ਿਤ ਕਰਨਾ, ਜਾਂ ਅਜਿਹਾ ਬੁਰਾ ਵਰਤਾਉ ਜਿੱਥੇ ਇਹ ਯਕੀਨ ਕਰਨ ਦੇ ਵਾਜਬ ਆਧਾਰ ਹਨ ਕਿ ਜੁਰਮ ਜਿਗਰੀ ਸਾਥੀ ਨੂੰ ਡਰਾਉਣ, ਸਦਮਾ ਪਹੁੰਚਾਉਣ, ਦੁੱਖ ਦੇਣ, ਜਾਂ ਨੁਕਸਾਨ ਕਰਨ ਲਈ ਕੀਤਾ ਗਿਆ ਸੀ ਜਾਂ ਇਸ ਨਾਲ ਇਹ ਹੋਇਆ ਸੀ

- ਅਜਿਹਾ ਜੁਰਮ ਜਿੱਥੇ ਜਿਗਰੀ ਸਾਥੀ ਨਿਸ਼ਾਨਾ ਬਣਿਆ ਹੈ ਭਾਵੇਂ ਕਿ ਉਹ ਕਥਿਤ ਦੋਸ਼ੀ ਦੇ ਮੁਜਰਮਾਨਾ ਐਕਸ਼ਨ ਦਾ ਸਿੱਧਾ ਸ਼ਿਕਾਰ ਨਹੀਂ ਹੋਇਆ ਸੀ, ਉਦਾਹਰਣ ਲਈ, ਜਿੱਥੇ ਕਥਿਤ ਦੋਸ਼ੀ ਨੇ ਕਿਸੇ ਅਜਿਹੇ ਵਿਅਕਤੀ ਨਾਲ ਜਾਂ ਜਿਗਰੀ ਸਾਥੀ ਲਈ ਮਹੱਤਵਪੂਰਨ ਵਿਅਕਤੀ ਜਾਂ ਕਿਸੇ ਹੋਰ ਚੀਜ਼ ਵਿਰੁੱਧ ਜੁਰਮ ਕੀਤਾ ਹੈ ਜਿਵੇਂ ਕਿ ਜਿਗਰੀ ਸਾਥੀ ਦੇ ਬੱਚੇ ਜਾਂ ਨਵੇਂ ਸਾਥੀ ’ਤੇ ਹਮਲਾ

- ਉਪਰਲਿਆਂ ਨਾਲ ਸੰਬੰਧਿਤ ਹਾਲਾਤ, ਜਿਹੜੇ ਸੈਕਸ਼ਨ 810 ਹੇਠ ਜ਼ਮਾਨਤ ਲਈ ਅਰਜ਼ੀ ਦੀ ਆਗਿਆ ਦਿੰਦੇ ਹਨ

- ਅੱਗੇ ਲਿਖੇ ਕੋਰਟ ਆਰਡਰਾਂ ਦੀ ਉਲੰਘਣਾ ਕਰਨ ਦਾ ਜੁਰਮ ਜੋ ਕਿ ਉਪਰਲੇ ਹਲਾਤਾਂ ਨਾਲ ਸੰਬੰਧਿਤ ਹਨ:
  - ਜ਼ਮਾਨਤ, ਪ੍ਰੋਬੇਸ਼ਨ, ਜਾਂ “ਕੇ” ਫਾਇਲਾਂ ’ਤੇ ਕੀਤੇ ਗਏ ਸ਼ਰਤਾਂ ਨਾਲ ਸਜ਼ਾ ਦੇ ਆਰਡਰ
  - ਪੁਰਾਣੇ *ਫੈਮਿਲੀ ਰੀਲੇਸ਼ਨਜ਼ ਐਕਟ* ਹੇਠ ਕੀਤੇ ਗਏ ਰਿਸਟਰੇਨਿੰਗ ਆਰਡਰ
  - *ਫੈਮਿਲੀ ਰੀਲੇਸ਼ਨਜ਼ ਐਕਟ* ਹੇਠ ਕੀਤੇ ਗਏ ਪ੍ਰੋਟੈਕਸ਼ਨ ਆਰਡਰ
  - ਸੈਕਸ਼ਨ 810 ਹੇਠ ਕੀਤੀ ਗਈ ਜ਼ਮਾਨਤ

ਪ੍ਰਬੰਧਕੀ ਅਤੇ ਰਿਕਾਰਡ ਰੱਖਣ ਦੇ ਮੰਤਵਾਂ ਲਈ, ਬੀ ਸੀ ਪ੍ਰੌਸੀਕਿਊਸ਼ਨ ਸਰਵਿਸ (ਬੀ ਸੀ ਪੀ ਐੱਸ) ਮੁਕੱਦਮੇ ਲਈ ਪ੍ਰਵਾਨਤ ਜਿਗਰੀ ਸਾਥੀ ਵਲੋਂ ਹਿੰਸਾ ਦੇ ਹਰ ਕੇਸ ਨੂੰ ਅਦਾਲਤ ਦੇ ਰਜਿਸਟਰੀ ਨੰਬਰ ਅਤੇ ਕਰਾਊਨ ਦੀ ਫਾਇਲ ਵਿਚ “ਕੇ” ਸ਼ਾਮਲ ਕਰਕੇ “ਕੇ” ਫਾਇਲ ਦੇ ਤੌਰ ’ਤੇ ਪਛਾਣ ਅਤੇ ਚੋਣ ਕਰਦੀ ਹੈ।

## ਚਾਰਜ ਦੀ ਅਸੈੱਸਮੈਂਟ

*ਕਰਾਊਨ ਕੌਂਸਲ ਐਕਟ* ਹੇਠ ਪੁਲੀਸ ਤੋਂ ਆਰ ਸੀ ਸੀ ਮਿਲ ਜਾਣ ’ਤੇ, ਕਰਾਊਨ ਕੌਂਸਲ, *ਚਾਰਜ ਅਸੈੱਸਮੈਂਟ ਗਾਈਡਲਾਈਨਜ਼* (ਸੀ ਐੱਚ ਏ 1) ਦੀ ਪਾਲਸੀ ਮੁਤਾਬਕ ਮੁਕੱਦਮੇ ਬਾਰੇ ਫੈਸਲਾ ਕਰਨ ਲਈ ਜ਼ਿੰਮੇਵਾਰ ਹੈ। ਇਸ ਦਾ ਫੈਸਲਾ ਇਕੱਲਾ ਪੀੜਿਤ (ਵਿਕਟਮ) ਦੀਆਂ ਇੱਛਾਵਾਂ ਨਾਲ ਨਹੀਂ ਕੀਤਾ ਜਾ ਸਕਦਾ।

ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸਾਂ ਵਿਚ, ਜਿੱਥੇ ਸਬੂਤਾਂ ਦੀ ਪਰਖ ਹੋ ਗਈ ਹੁੰਦੀ ਹੈ, ਮੁਕੱਦਮੇ ਦੀ ਕਾਰਵਾਈ ਕਰਨਾ ਆਮ ਤੌਰ ’ਤੇ ਜਨਤਕ ਹਿੱਤ ਵਿਚ ਹੁੰਦਾ ਹੈ।

ਕਰਾਊਨ ਕੌਂਸਲ ਨੂੰ ਬਿਨਾਂ ਕਿਸੇ ਦੇਰੀ ਦੇ ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸਾਂ ’ਤੇ ਚਾਰਜਾਂ ਦੀ ਅਸੈੱਸਮੈਂਟ ਕਰਨੀ ਚਾਹੀਦੀ ਹੈ।

ਕੋਰਟ ਦੇ ਆਰਡਰ ਦੀ ਉਲੰਘਣਾ ਕਿਉਂਕਿ ਭਵਿੱਖ ਵਿਚ ਹਿੰਸਾ ਲਈ ਖਤਰੇ ਵਾਲਾ ਪਛਾਣਿਆ ਹੋਇਆ ਪੱਖ ਹੈ, ਇਸ ਕਰਕੇ ਜਿੱਥੇ ਢੁਕਵਾਂ ਹੋਵੇ ਕਰਾਊਨ ਕੌਂਸਲ ਲਈ ਜ਼ਮਾਨਤ, ਸ਼ਰਤਾਂ ਨਾਲ ਸਜ਼ਾ ਦੇ ਆਰਡਰਾਂ, ਅਤੇ ਪ੍ਰੋਬੇਸ਼ਨ ਆਰਡਰਾਂ ਦੀਆਂ ਉਲੰਘਣਾਵਾਂ ਲਈ ਚਾਰਜਾਂ ਨੂੰ ਮਨਜ਼ੂਰ ਕਰਨ ਬਾਰੇ ਵਿਚਾਰ ਕਰਨਾ ਮਹੱਤਵਪੂਰਨ ਹੈ। ਆਮ ਤੌਰ ’ਤੇ ਇਨ੍ਹਾਂ ਚਾਰਜਾਂ ’ਤੇ ਕਾਰਵਾਈ ਹੋਣੀ ਚਾਹੀਦੀ ਹੈ, ਭਾਵੇਂ ਕਿ ਅਸਲੀ ਚਾਰਜ ’ਤੇ ਨਾ ਵੀ ਹੋਈ ਹੋਵੇ, ਖਾਸ ਕਰਕੇ ਉਨ੍ਹਾਂ ਹਾਲਤਾਂ ਵਿਚ ਜਿਨ੍ਹਾਂ ਦੀ ਪਛਾਣ ਪੁਲੀਸ ਨੇ “ਜ਼ਿਆਦਾ ਖਤਰੇ” ਵਾਲੀਆਂ ਵਜੋਂ ਕੀਤੀ ਹੋਵੇ। ਉਲੰਘਣਾਵਾਂ ਲਈ ਦੋਸ਼ੀ ਸਿੱਧ ਹੋਣ ਦਾ ਅਸਰ ਪ੍ਰੋਗਰਾਮਾਂ ਦੀਆਂ ਉਨ੍ਹਾਂ ਕਿਸਮਾਂ ’ਤੇ ਪਵੇਗਾ ਜਿਹੜੇ ਕੋਰੈਕਸ਼ਨਜ਼ ਬਰਾਂਚ ਪ੍ਰਦਾਨ ਕਰ ਸਕਦੀ ਹੈ, ਅਤੇ ਇਸ ਦੇ ਨਾਲ ਨਾਲ ਭਵਿੱਖ ਵਿਚ

ਜ਼ਮਾਨਤ ਅਤੇ ਸਜ਼ਾ ਦੀ ਸੁਣਵਾਈ ਬਾਰੇ ਹੋਣ ਵਾਲੀ ਖਤਰੇ ਦੀ ਅਸੈੱਸਮੈਂਟ 'ਤੇ ਵੀ ਪਵੇਗਾ।

ਜਿੱਥੇ *ਫੈਮਿਲੀ ਲਾਅ ਐਕਟ* (ਐੱਫ ਐੱਲ ਏ) ਹੇਠ ਕੀਤੇ ਗਏ ਪ੍ਰੋਟੈਕਸ਼ਨ ਆਰਡਰ ਜਾਂ ਪੁਰਾਣੇ *ਫੈਮਿਲੀ ਰੀਲੇਸ਼ਨਜ਼ ਐਕਟ* (ਐੱਫ ਆਰ ਏ) ਹੇਠ ਰਿਸਟਰੇਨਿੰਗ ਆਰਡਰ ਦੀ ਉਲੰਘਣਾ ਦਾ ਇਲਜ਼ਾਮ ਹੋਵੇ, ਉੱਥੇ ਕਰਾਊਨ ਕੌਂਸਲ ਨੂੰ ਉਲੰਘਣਾ ਦੇ ਮੁਕੱਦਮੇ 'ਤੇ ਵਿਚਾਰ ਕਰਨੀ ਚਾਹੀਦੀ ਹੈ, ਜਿੱਥੇ ਹੁਕਮ ਦੀ ਤਾਮੀਲ ਨਾ ਕਰਨ ਦੀਆਂ ਹਾਲਤਾਂ ਸੇਫਟੀ ਨਾਲ ਸੰਬੰਧਿਤ ਹੋਣ। ਐੱਫ ਐੱਲ ਏ ਹੇਠ ਪ੍ਰੋਟੈਕਸ਼ਨ ਆਰਡਰਾਂ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 127 ਅਨੁਸਾਰ ਅਵੱਗਿਆ ਕਰਨ ਦੇ ਚਾਰਜ ਲਾ ਕੇ ਕੀਤਾ ਜਾ ਸਕਦਾ ਹੈ ਅਤੇ ਰਿਸਟਰੇਨਿੰਗ ਆਰਡਰਾਂ ਨੂੰ ਐੱਫ ਆਰ ਏ ਹੇਠ ਉਸ ਪਹਿਲੇ ਐਕਟ ਅਤੇ *ਔਫੈਂਸ ਐਕਟ* ਦੀਆਂ ਸ਼ਰਤਾਂ ਹੇਠ ਲਾਗੂ ਕੀਤਾ ਜਾ ਸਕਦਾ ਹੈ।

ਜਿੱਥੇ ਚਾਰਜ ਨਾ ਲਾਉਣ ਦਾ ਫੈਸਲਾ ਕੀਤਾ ਜਾਂਦਾ ਹੈ, ਜਾਂ ਜਿੱਥੇ ਕਾਰਵਾਈ ਰੋਕ ਦਿੱਤੀ ਜਾਂਦੀ ਹੈ, ਉੱਥੇ ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਕਿਸੇ ਪੀੜਿਤ ਜਾਂ ਉਸ ਦੇ ਪਰਿਵਾਰ ਦੀ ਸੇਫਟੀ *ਕ੍ਰਿਮੀਨਲ ਕੋਡ* ਦੇ ਸੈਕਸ਼ਨ 810 ਹੇਠ ਜ਼ਮਾਨਤ ਲਈ ਅਰਜ਼ੀ ਦੀ ਮੰਗ ਕਰਦੀ ਹੈ ਜਾਂ ਨਹੀਂ *(ਸੈਕਸ਼ਨ 810 ਅਤੇ ਪੀਸ ਬੌਂਡਜ਼* (ਆਰ ਈ ਸੀ 1) *ਹੇਠ ਜ਼ਮਾਨਤਾਂ)*। ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ *"ਰੀਲੇਸ਼ਨਸ਼ਿਪ ਵਾਇਲੈਂਸ ਪ੍ਰੀਵੈਨਸ਼ਨ ਪ੍ਰੋਗਰਾਮ"* ਜਾਂ ਕੋਰੈਕਸ਼ਨਜ਼ ਬਰਾਂਚ ਵਲੋਂ ਚਲਾਏ ਜਾਂਦੇ ਇਸ ਤਰ੍ਹਾਂ ਦੇ ਕਿਸੇ ਹੋਰ ਪ੍ਰੋਗਰਾਮ ਵਿਚ ਸ਼ਮੂਲੀਅਤ, ਜ਼ਮਾਨਤ ਦੀ ਸ਼ਰਤ ਲਈ ਢੁਕਵੀਂ ਹੋਵੇਗੀ ਜਾਂ ਨਹੀਂ, ਜਿਸ ਲਈ ਪ੍ਰੈਕਟੀਕਲ ਕਾਰਨਾਂ ਕਰਕੇ ਘੱਟੋ ਘੱਟ ਇਕ ਸਾਲ ਲਈ ਕਮਿਊਨਟੀ ਦੀ ਨਿਗਰਾਨੀ ਦੇ ਸਮੇਂ ਦੀ ਲੋੜ ਹੁੰਦੀ ਹੈ (ਅੰਤਿਕਾ ਏ ਦੇਖੋ)।

ਸਾਂਝੇ ਚਾਰਜ ਬਹੁਤ ਘੱਟ ਪ੍ਰਵਾਨ ਕੀਤੇ ਜਾਣੇ ਚਾਹੀਦੇ ਹਨ ਅਤੇ ਸਾਂਝੀ ਜ਼ਮਾਨਤ ਬਹੁਤ ਘੱਟ ਢੁਕਵੀਂ ਹੁੰਦੀ ਹੈ। ਜਿਨ੍ਹਾਂ ਹਾਲਤਾਂ ਵਿਚ ਸਾਂਝੀ ਹਿੰਸਾ ਦਾ ਦੋਸ਼ ਲੱਗਦਾ ਹੈ, ਕਰਾਊਨ ਕੌਂਸਲ ਨੂੰ ਹਮਲਾਕਾਰੀ ਵਤੀਰੇ ਨੂੰ ਰੱਖਿਆਕਾਰੀ ਜਾਂ ਰਜ਼ਾਮੰਦੀ ਵਾਲੇ ਵਤੀਰੇ ਤੋਂ ਨਿਖੇੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਬਦਲਵੇਂ ਤਰੀਕੇ

ਢੁਕਵੀਂਆਂ ਹਾਲਤਾਂ ਵਿਚ, ਬਦਲਵੇਂ ਤਰੀਕਿਆਂ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ ਜੇ ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸ ਵਿਚ ਮੁਕੱਦਮੇ ਦਾ ਸਭ ਤੋਂ ਮਹੱਤਵਪੂਰਨ ਉਦੇਸ਼ ਅਜੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੋਵੇ (*ਅਲਟਰਨੇਟਿਵ ਮਈਅਰਜ਼ ਫਾਰ ਅਡੱਲਟ ਓਫੈਂਡਰਜ਼* (ਏ ਐੱਲ ਟੀ 1))।

ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸ ਵਿਚ, ਬਦਲਵੇਂ ਤਰੀਕਿਆਂ ਨੂੰ ਪੀੜਿਤ ਦੇ ਫਿਕਰਾਂ ਬਾਰੇ ਧਿਆਨ ਨਾਲ ਵਿਚਾਰ ਕੀਤੇ ਬਿਨਾਂ ਵਿਚਾਰਿਆਂ ਨਹੀਂ ਜਾਣਾ ਚਾਹੀਦਾ ਅਤੇ ਇਨ੍ਹਾਂ ਨੂੰ ਤਾਂ ਹੀ ਅਪਣਾਉਣਾ ਚਾਹੀਦਾ ਹੈ ਜੇ:

- ਕੋਈ ਖਾਸ ਸਰੀਰਕ ਸੱਟ ਨਹੀਂ ਲਾਈ ਗਈ ਹੈ
- ਜਿਗਰੀ ਸਾਥੀ ਵਲੋਂ ਹਿੰਸਾ ਦੀ ਕੋਈ ਪਹਿਲੀ ਹਿਸਟਰੀ ਨਹੀਂ ਹੈ
- ਕਰਾਊਨ ਕੌਂਸਲ ਕੋਲ ਖਤਰੇ ਦੇ ਸੰਬੰਧਿਤ ਪੱਖਾਂ, ਜਿਹੜੇ "ਹੋਰ ਜਾਣਕਾਰੀ" ਹੇਠ ਦੱਸੇ ਗਏ ਖਤਰਿਆਂ ਵਰਗੇ ਹਨ, ਅਤੇ ਕੋਰੈਕਸ਼ਨਜ਼ ਬਰਾਂਚ ਵਲੋਂ ਖਤਰੇ ਦੀ ਅਸੈੱਸਮੈਂਟ ਬਾਰੇ ਦਿੱਤੀ ਗਈ ਕਿਸੇ ਹੋਰ ਜਾਣਕਾਰੀ, ਨੂੰ ਧਿਆਨ ਵਿਚ ਰੱਖਦੇ ਹੋਏ ਇਹ ਯਕੀਨ ਕਰਨ ਦਾ ਕੋਈ ਵਾਜਬ ਆਧਾਰ ਨਹੀਂ ਹੈ ਕਿ ਜਿਗਰੀ ਸਾਥੀ ਵਲੋਂ ਹਿੰਸਾ ਵਾਲੇ ਜੁਰਮ ਕਰਨ ਦਾ ਅਗਾਂਹ ਕੋਈ ਹੋਰ ਵੱਡਾ ਖਤਰਾ ਹੈ
- ਬਦਲਵੇਂ ਤਰੀਕਿਆ ਦੀ ਵਰਤੋਂ ਜਨਤਕ ਹਿੱਤ ਦੇ ਉਲਟ ਨਹੀਂ ਹੈ

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕੋਰੈਕਸ਼ਨਜ਼ ਬਰਾਂਚ ਦਾ ਜਿਗਰੀ ਸਾਥੀ ਵਲੋਂ ਹਿੰਸਾ ਦੇ ਦੋਸ਼ੀਆਂ ਵੱਲ ਖਾਸ ਕਰਕੇ ਸੇਧਿਤ *"ਰੀਲੇਸ਼ਨਸ਼ਿਪ ਵਾਇਲੈਂਸ ਪ੍ਰੀਵੈਨਸ਼ਨ ਪ੍ਰੋਗਰਾਮ"* ਬਦਲਵੇਂ ਤਰੀਕਿਆਂ ਲਈ ਉਪਲਬਧ ਨਹੀਂ ਹੈ (ਅੰਤਿਕਾ ਏ ਦੇਖੋ)।

ਭਾਵੇਂ ਕਿ ਬਦਲਵੇਂ ਤਰੀਕਿਆਂ ਕੋਲ ਭੇਜਣ ਨੂੰ ਕਾਰਵਾਈ ਦੇ ਕਿਸੇ ਪੱਧਰ ’ਤੇ ਵੀ ਵਿਚਾਰਿਆ ਜਾ ਸਕਦਾ ਹੈ, ਭੇਜੇ ਜਾਣ ਦੀ ਸਿਫਾਰਸ਼ ਕਰਨ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਚਾਰਜ ਨੂੰ ਮਨਜ਼ੂਰ ਕਰਨ ਅਤੇ ਰਿਹਾਈ ਦੀਆਂ ਸ਼ਰਤਾਂ ਲਾਗੂ ਕਰਵਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਜ਼ਮਾਨਤ ਬਾਰੇ ਵਿਚਾਰਾਂ

### ਰਿਹਾਈ ਜਾਂ ਗ੍ਰਿਫਤਾਰੀ ਦੀਆਂ ਢੁਕਵੀਂਆਂ ਸ਼ਰਤਾਂ ਦੀ ਮੰਗ ਕਰਨਾ

ਜ਼ਮਾਨਤ ਬਾਰੇ ਕੋਈ ਨਜ਼ਰੀਆ ਬਣਾਉਣ ਵੇਲੇ, ਕਰਾਊਨ ਕੌਂਸਲ ਨੂੰ ਲੋਕਾਂ ਦੀ ਸੇਫਟੀ ਵੱਲ ਖਾਸ ਤੌਰ ’ਤੇ ਧਿਆਨ ਦੇਣਾ ਚਾਹੀਦਾ ਹੈ, ਜਿਸ ਵਿਚ ਪੀੜਿਤ ਅਤੇ ਪਰਿਵਾਰ ਦੇ ਹੋਰ ਮੈਂਬਰ, ਖਾਸ ਕਰਕੇ ਬੱਚੇ ਸ਼ਾਮਲ ਹਨ। ਕਰਾਊਨ ਕੌਂਸਲ ਲਈ ਕਥਿਤ ਦੋਸ਼ੀ ਦੇ ਪਛਾਣੇ ਗਏ ਖਤਰੇ ਦੇ ਪੱਖਾਂ ਦੇ ਸੰਬੰਧ ਵਿਚ ਸਾਰੀ ਉਪਲਬਧ ਜਾਣਕਾਰੀ ’ਤੇ ਵਿਚਾਰ ਕਰਨਾ ਜ਼ਰੂਰੀ ਹੈ, ਜਿਵੇਂ ਇਹ ਪੁਲੀਸ ਜਾਂ ਹੋਰਨਾਂ ਵਲੋਂ ਦਿੱਤੀ ਗਈ ਹੈ (ਹੋਰ ਜਾਣਕਾਰੀ ਦੇਖੋ)। ਜੇ ਕਰਾਊਨ ਕੌਂਸਲ ਕੋਲ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਹੋਰ ਢੁਕਵੀਂ ਜਾਣਕਾਰੀ ਉਪਲਬਧ ਹੈ ਤਾਂ ਉਨ੍ਹਾਂ ਨੂੰ ਜ਼ਮਾਨਤ ਦੀ ਸੁਣਵਾਈ ਵੇਲੇ ਆਪਣੇ ਵਿਚਾਰ ਦੇਣ ਤੋਂ ਪਹਿਲਾਂ ਇਹ ਜਾਣਕਾਰੀ ਪੁਲੀਸ ਤੋਂ ਮੰਗਣੀ ਚਾਹੀਦੀ ਹੈ, ਅਤੇ ਜੇ ਲੋੜ ਹੋਵੇ ਤਾਂ ਤਫ਼ਤੀਸ਼ ਲਈ ਮੁੜ ਪੁਲੀਸ ਦੇ ਹਵਾਲੇ ਕਰਨ ਦੀ ਮੰਗ ਕਰਨੀ ਚਾਹੀਦੀ ਹੈ।

ਜਦੋਂ ਵੀ ਜ਼ਰੂਰੀ ਹੋਵੇ ਪੀੜਿਤ ਜਾਂ ਹੋਰ ਸੰਭਾਵੀ ਪੀੜਿਤਾਂ ਦੀ ਰੱਖਿਆ ਕਰਨ ਲਈ ਕਰਾਊਨ ਕੌਂਸਲ ਨੂੰ ਗ੍ਰਿਫਤਾਰੀ ਦਾ ਆਰਡਰ ਜਾਂ ਰਿਹਾਈ ਦੀਆਂ ਸ਼ਰਤਾਂ ਲੈਣ ਲਈ ਵਾਰੰਟ ਦੀ ਮੰਗ ਕਰਨੀ ਚਾਹੀਦੀ ਹੈ।

ਜੇ ਕਰਾਊਨ ਕੌਂਸਲ ਕੋਲ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸ ਦੀਆਂ ਹਾਲਤਾਂ ਵਿਚ ਕਥਿਤ ਦੋਸ਼ੀ ’ਤੇ ਅਸਰ ਪਾਉਣ ਵਾਲੇ ਕੋਰਟ ਦੇ ਆਰਡਰ ਸ਼ਾਮਲ ਹਨ ਤਾਂ ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਪੜਤਾਲ ਕਰਨ ਵਾਲੀ ਏਜੰਸੀ ਨੇ ਇਹ ਆਰਡਰ ਆਰ ਸੀ ਸੀ ਵਿਚ ਸ਼ਾਮਲ ਕੀਤੇ ਹਨ। ਸੰਭਵ ਢੁਕਵੇਂ ਆਰਡਰਾਂ ਵਿਚ ਉਹ ਆਰਡਰ ਸ਼ਾਮਲ ਹਨ ਜਿਹੜੇ ਪੁਰਾਣੇ *ਐੱਫ ਆਰ ਏ, ਐੱਫ ਐੱਲ ਏ, ਚਾਇਲਡ, ਫੈਮਿਲੀ ਐਂਡ ਕਮਿਉਨਟੀ ਸਰਵਿਸ ਐਕਟ*, ਅਤੇ *ਡਾਇਵੋਰਸ ਐਕਟ* ਹੇਠ ਕੀਤੇ ਗਏ ਸਨ। ਕਰਾਊਨ ਕੌਂਸਲ ਨੂੰ ਹਰ ਇਕ ਆਰਡਰ ’ਤੇ ਵਿਚਾਰ ਕਰਨੀ ਚਾਹੀਦੀ ਹੈ ਅਤੇ ਜ਼ਮਾਨਤ ਦੀਆਂ ਸ਼ਰਤਾਂ ਨਾਲ ਸੰਭਵ ਵਿਰੋਧ ਨੂੰ ਘੱਟ ਤੋਂ ਘੱਟ ਕਰਨ ਲਈ ਇਨ੍ਹਾਂ ਆਰਡਰਾਂ ਦੇ ਸੰਬੰਧ ਵਿਚ ਢੁਕਵੀਂ ਜਾਣਕਾਰੀ ਅਦਾਲਤ ਨੂੰ ਦੇਣੀ ਚਾਹੀਦੀ ਹੈ।

### ਬਹੁਤ ਜ਼ਿਆਦਾ ਸਰੀਰਕ ਨੁਕਸਾਨ ਜਾਂ ਮੌਤ ਦੀ ਸੰਭਾਵਨਾ – ਲਾਜ਼ਮੀ ਨਜ਼ਰੀਆ

ਜਿੱਥੇ ਕਰਾਊਨ ਕੌਂਸਲ ਕੋਲ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਇਸ ਗੱਲ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਕਥਿਤ ਦੋਸ਼ੀ ਕਿਸੇ ਵਿਅਕਤੀ ਦਾ ਬਹੁਤ ਜ਼ਿਆਦਾ ਸਰੀਰਕ ਨੁਕਸਾਨ ਕਰੇਗਾ ਜਾਂ ਉਸ ਨੂੰ ਮਾਰ ਦੇਵੇਗਾ ਤਾਂ ਕਰਾਊਨ ਕੌਂਸਲ ਲਈ *ਕ੍ਰਿਮੀਨਲ ਕੋਡ* ਦੇ ਸੈਕਸ਼ਨ 515(12) ਜਾਂ 516(2) ਦੇ ਅਨੁਸਾਰ “ਕੋਈ ਸੰਪਰਕ ਨਹੀਂ” ਦੇ ਆਰਡਰ ਦੇ ਨਾਲ ਨਾਲ ਗ੍ਰਿਫਤਾਰੀ ਦਾ ਆਰਡਰ ਵੀ ਮੰਗਣਾ ਜ਼ਰੂਰੀ ਹੈ। ਅਜਿਹੇ ਕੇਸਾਂ ਵਿਚ ਜਿੱਥੇ ਗ੍ਰਿਫਤਾਰੀ ਦਾ ਆਰਡਰ ਨਹੀਂ ਕੀਤਾ ਜਾਂਦਾ, ਪੀੜਿਤ, ਪੀੜਿਤ ਦੇ ਪਰਿਵਾਰ ਅਤੇ ਪਬਲਿਕ ਦੇ ਹੋਰ ਮੈਂਬਰਾਂ ਦੀ ਰੱਖਿਆ ਕਰਨ ਲਈ ਕਰਾਊਨ ਕੌਂਸਲ ਵਲੋਂ ਅਦਾਲਤ ਤੋਂ ਸ਼ਰਤਾਂ ਲਗਾਉਣ ਦੀ ਮੰਗ ਕਰਨਾ ਜ਼ਰੂਰੀ ਹੈ। ਕਰਾਊਨ ਕੌਂਸਲ ਨੂੰ ਪ੍ਰਬੰਧਕੀ (ਐਡਮਿਨਸਟਰੇਟਿਵ) ਕਰਾਊਨ ਕੌਂਸਲ ਨਾਲ ਸਲਾਹ-ਮਸ਼ਵਰਾ ਕਰਕੇ ਜ਼ਮਾਨਤ ਦੀ ਪੜਚੋਲ (ਰਿਵੀਊ) ਬਾਰੇ ਫੌਰੀ ਵਿਚਾਰ ਕਰਨਾ ਚਾਹੀਦਾ ਹੈ।

### ਜ਼ਮਾਨਤ ਦੀਆਂ ਸ਼ਰਤਾਂ ਦੀ ਪੜਚੋਲ

ਜਿੱਥੇ ਕਿਸੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਫਿਰ ਪੁਲੀਸ ਵਲੋਂ ਪੇਸ਼ ਹੋਣ ਦੇ ਵਾਅਦੇ ਜਾਂ ਸ਼ਰਤਾਂ ਨਾਲ ਜ਼ਮਾਨਤ ’ਤੇ ਰਿਹਾ ਕਰ ਦਿੱਤਾ ਜਾਂਦਾ ਹੈ, ਉੱਥੇ ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨ ਲਈ ਸ਼ਰਤਾਂ ਦੀ ਪੜਚੋਲ ਕਰਨੀ ਚਾਹੀਦੀ ਹੈ ਕਿ ਇਹ ਸ਼ਰਤਾਂ ਲਾਗੂ ਕਰਨ ਯੋਗ ਹਨ ਅਤੇ ਪੀੜਿਤ, ਪੀੜਿਤ ਦੇ ਪਰਿਵਾਰ ਅਤੇ ਪਬਲਿਕ ਦੇ ਹੋਰ ਮੈਂਬਰਾਂ ਦੀ ਰੱਖਿਆ ਕਰਨ ਲਈ ਕਾਫੀ ਹਨ। ਜੇ ਇਹ ਲਾਗੂ ਕਰਨ ਯੋਗ ਨਾ ਹੋਣ ਜਾਂ ਕਾਫੀ ਨਾ ਹੋਣ ਤਾਂ ਕਰਾਊਨ ਕੌਂਸਲ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨਾਂ 499(4), 503(2.3), ਜਾਂ 512 ਹੇਠ ਵਾਰੰਟ ਅਤੇ ਸ਼ਰਤਾਂ ਵਿਚ ਸੋਧ ਦੀ ਮੰਗ ਕਰਨੀ ਚਾਹੀਦੀ ਹੈ।

ਜੇ ਦੋਸ਼ ਲੱਗਾ ਵਿਅਕਤੀ ਪੇਸ਼ੀ ਦੀ ਪਹਿਲੀ ਤਾਰੀਕ ਤੋਂ ਪਹਿਲਾਂ ਪੁਲੀਸ ਵਲੋਂ ਆਰਡਰ ਕੀਤੀਆਂ ਗਈਆਂ ਸ਼ਰਤਾਂ ਦੀ ਪੜਚੋਲ ਕਰਨ ਲਈ ਕਹਿੰਦਾ ਹੈ ਤਾਂ ਕਰਾਊਨ ਕੌਂਸਲ ਨੂੰ ਪੁਲੀਸ ਤੋਂ ਆਰ ਸੀ ਸੀ ਦੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਜਿੱਥੇ ਜ਼ਰੂਰੀ ਹੋਵੇ, ਕੋਈ ਨਜ਼ਰੀਆ ਬਣਾਉਣ ਤੋਂ ਪਹਿਲਾਂ ਪੁਲੀਸ ਅਤੇ ਪੀੜਿਤ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਪੀੜਿਤ ਜਾਂ ਦੋਸ਼ ਲੱਗਾ ਵਿਅਕਤੀ ਕਥਿਤ ਦੋਸ਼ੀ ਅਤੇ ਪੀੜਿਤ ਵਿਚਕਾਰ ਸੰਪਰਕ ਦੀ ਮਨਾਹੀ ਕਰਨ ਵਾਲੀ ਜ਼ਮਾਨਤ ਦੀ ਸ਼ਰਤ ਨੂੰ ਹਟਾਏ ਜਾਣ ਦੀ ਮੰਗ ਕਰਦਾ ਹੈ ਤਾਂ ਕਰਾਊਨ ਕੌਂਸਲ ਨੂੰ ਕਥਿਤ ਦੋਸ਼ੀ ਅਤੇ ਪੀੜਿਤ ਵਿਚਕਾਰ ਸੰਬੰਧਾਂ ਦੀ ਹਿਸਟਰੀ ਬਾਰੇ ਅਤੇ ਉਪਲਬਧ ਸ੍ਰੋਤਾਂ ਤੋਂ ਕਥਿਤ ਦੋਸ਼ੀ ਦੇ ਪਿਛੋਕੜ ਬਾਰੇ ਹੋਰ ਜਾਣਕਾਰੀ ਲੈਣੀ ਚਾਹੀਦੀ ਹੈ ਜਿਵੇਂ ਕਿ ਪੀੜਿਤ, ਜ਼ਮਾਨਤ ਸੁਪਰਵਾਈਜ਼ਰ, ਜਾਂ ਪੁਲੀਸ ਤੋਂ। ਜੇ ਜਿਗਰੀ ਸਾਥੀ ਵਲੋਂ ਹਿੰਸਾ ਦੀ ਹਿਸਟਰੀ ਹੋਵੇ ਜਾਂ ਖਤਰੇ ਦੇ ਪਛਾਣੇ ਗਏ ਹੋਰ ਪੱਖ ਹੋਣ (ਹੋਰ ਜਾਣਕਾਰੀ ਦੇਖੋ) ਤਾਂ ਕਰਾਊਨ ਕੌਂਸਲ ਨੂੰ ਜ਼ਮਾਨਤ ਦੀਆਂ ਸ਼ਰਤਾਂ ਦੀ ਪੜਚੋਲ (ਰਿਵੀਊ) ਲਈ ਸਹਿਮਤੀ ਨਹੀਂ ਦੇਣੀ ਚਾਹੀਦੀ।

### ਜ਼ਮਾਨਤ ਬਾਰੇ ਵੱਖ ਵੱਖ ਰਾਇ – ਪੁਲੀਸ ਨਾਲ ਸਲਾਹ-ਮਸ਼ਵਰਾ (ਸਮੇਤ “ਜ਼ਿਆਦਾ ਖਤਰੇ ਵਾਲੇ” ਕੇਸਾਂ ਦੇ)

ਪੁਲੀਸ ਉਦੋਂ ਕਥਿਤ ਦੋਸ਼ੀ ਦੀ ਖਤਰੇ ਦੀ ਅਸੈੱਸਮੈਂਟ ਕਰਨ ਦਾ ਫੈਸਲਾ ਕਰ ਸਕਦੀ ਹੈ ਜਦੋਂ ਉਨ੍ਹਾਂ ਨੂੰ ਇਸ ਚੀਜ਼ ਬਾਰੇ ਫਿਕਰ ਹੋਵੇ ਕਿ ਜਿਗਰੀ ਸਾਥੀ ਵਲੋਂ ਹਿੰਸਾ ਦਾ ਕੇਸ “ਜ਼ਿਆਦਾ ਖਤਰੇ” ਵਾਲਾ ਹੋ ਸਕਦਾ ਹੈ। ਜਿੱਥੇ ਪੁਲੀਸ ਕੇਸ ਦੀ “ਜ਼ਿਆਦਾ ਖਤਰੇ” ਵਾਲੇ ਵਜੋਂ ਪਛਾਣ ਕਰਦੀ ਹੈ ਅਤੇ ਕਰਾਊਨ ਕੌਂਸਲ ਕੋਲ ਇਹ ਯਕੀਨ ਕਰਨ ਦੇ ਵਾਜਬ ਆਧਾਰ ਹਨ ਕਿ ਗ੍ਰਿਫਤਾਰੀ ਦੀ ਲੋੜ ਨਹੀਂ ਹੈ ਜਾਂ ਇਹ ਕਿ ਪੁਲੀਸ ਵਲੋਂ ਸਿਫਾਰਸ਼ ਕੀਤੀਆਂ ਗਈਆਂ ਜ਼ਮਾਨਤ ਦੀਆਂ ਸ਼ਰਤਾਂ ਦੀ ਲੋੜ ਨਹੀਂ ਹੈ ਤਾਂ ਜ਼ਮਾਨਤ ਲਈ ਸੁਣਵਾਈ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਪੁਲੀਸ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਅਤੇ ਪੁਲੀਸ ਨੂੰ ਕੋਈ ਹੋਰ ਢੁਕਵਾਂ ਸਬੂਤ ਜਾਂ ਜਾਣਕਾਰੀ ਪ੍ਰਦਾਨ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

ਜੇ, ਅਜਿਹੇ ਸਲਾਹ-ਮਸ਼ਵਰੇ ਤੋਂ ਬਾਅਦ, ਪੁਲੀਸ ਅਤੇ ਕਰਾਊਨ ਕੌਂਸਲ ਅਜੇ ਵੀ ਇਸ ਚੀਜ਼ ਬਾਰੇ ਅਸਹਿਮਤ ਹੋਣ ਕਿ ਕੀ ਪੁਲੀਸ ਵਲੋਂ ਸਿਫਾਰਸ਼ ਕੀਤੀ ਗਈ ਗ੍ਰਿਫਤਾਰੀ ਜਾਂ ਜ਼ਮਾਨਤ ਦੀ ਕਿਸੇ ਸ਼ਰਤ ਦੀ ਲੋੜ ਹੈ ਤਾਂ ਕਰਾਊਨ ਕੌਂਸਲ ਨੂੰ ਜ਼ਮਾਨਤ ਲਈ ਸੁਣਵਾਈ ਤੋਂ ਪਹਿਲਾਂ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਨ੍ਹਾਂ ਦੇ ਸੰਬੰਧਿਤ ਡਿਪਟੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਜਿਨ੍ਹਾਂ ਕੇਸਾਂ ਦੀ ਪਛਾਣ “ਜ਼ਿਆਦਾ ਖਤਰੇ” ਵਾਲੇ ਵਜੋਂ ਨਹੀਂ ਹੁੰਦੀ, ਜੇ ਕਰਾਊਨ ਕੌਂਸਲ ਪੁਲੀਸ ਨਾਲ ਇਸ ਚੀਜ਼ ਬਾਰੇ ਅਸਹਿਮਤ ਹੋਵੇ ਕਿ ਕੀ ਗ੍ਰਿਫਤਾਰੀ ਜਾਂ ਪੁਲੀਸ ਵਲੋਂ ਸਿਫਾਰਸ਼ ਕੀਤੀਆਂ ਗਈਆਂ ਜ਼ਮਾਨਤ ਦੀਆਂ ਕੋਈ ਵੀ ਸ਼ਰਤਾਂ ਜ਼ਰੂਰੀ ਹਨ ਕਿ ਨਹੀਂ ਤਾਂ ਜ਼ਮਾਨਤ ਲਈ ਸੁਣਵਾਈ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਪੁਲੀਸ ਨਾਲ ਸਲਾਹ-ਮਸ਼ਵਰਾ ਕਰਨ ਦੀ ਵਾਜਬ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਕੋਈ ਹੋਰ ਢੁਕਵਾਂ ਸਬੂਤ ਜਾਂ ਜਾਣਕਾਰੀ ਪ੍ਰਦਾਨ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

ਸਾਰੇ ਕੇਸਾਂ ਵਿਚ, ਕਰਾਊਨ ਕੌਂਸਲ ਨੂੰ ਫਾਇਲ ’ਤੇ ਨੋਟ ਲਿਖਣੇ ਚਾਹੀਦੇ ਹਨ ਅਤੇ ਇਹ ਦੱਸਣਾ ਚਾਹੀਦਾ ਹੈ ਕਿ ਅਸਹਿਮਤੀ ਦਾ ਆਧਾਰ ਕੀ ਹੈ ਅਤੇ ਕਰਾਊਨ ਕੌਂਸਲ ਵਲੋਂ ਲਈ ਗਈ ਪੋਜ਼ੀਸ਼ਨ ਦਾ ਕੀ ਕਾਰਨ ਹੈ।

### ਜ਼ਮਾਨਤ ਦੀ ਉਲੰਘਣਾ

ਜੇ ਕਰਾਊਨ ਕੌਂਸਲ ਕੋਲ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਜ਼ਮਾਨਤ ਦੀ ਕਿਸੇ ਸ਼ਰਤ ਦੀ ਕਥਿਤ ਉਲੰਘਣਾ ਨਾਲ “ਜ਼ਿਆਦਾ ਖਤਰੇ ਵਾਲੇ” ਕੇਸ ਵਿਚ ਕਿਸੇ ਵਿਅਕਤੀ ਦੀ ਸੇਫਟੀ ਲਈ ਫਿਕਰ ਪੈਦਾ ਹੁੰਦੇ ਹਨ ਤਾਂ ਕਰਾਊਨ ਕੌਂਸਲ ਨੂੰ ਜ਼ਮਾਨਤ ਰੱਦ ਕਰਨ ਅਤੇ ਗ੍ਰਿਫਤਾਰੀ ਦੇ ਆਰਡਰ ਲੈਣ ਲਈ ਅਪਲਾਈ ਕਰਨਾ ਚਾਹੀਦਾ ਹੈ। ਬਾਕੀ ਸਾਰੇ ਕੇਸਾਂ ਵਿਚ, ਜੇ ਕਰਾਊਨ ਕੌਂਸਲ ਕੋਲ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਜ਼ਮਾਨਤ ਦੀ ਕਿਸੇ ਸ਼ਰਤ ਦੀ ਕਥਿਤ ਉਲੰਘਣਾ ਨਾਲ ਕਿਸੇ ਵਿਅਕਤੀ ਦੀ ਸੇਫਟੀ ਲਈ ਫਿਕਰ ਪੈਦਾ ਹੁੰਦੇ ਹਨ ਤਾਂ ਕਰਾਊਨ ਕੌਂਸਲ ਨੂੰ ਜ਼ਮਾਨਤ ਰੱਦ ਕਰਨ ਅਤੇ ਗ੍ਰਿਫਤਾਰੀ ਦੇ ਆਰਡਰ ਲੈਣ ਲਈ ਅਪਲਾਈ ਕਰਨਾ ਚਾਹੀਦਾ ਹੈ।

## ਬੱਚੇ ਦੀ ਹਿਫਾਜ਼ਤ – *ਚਾਇਲਡ, ਫੈਮਿਲੀ ਐਂਡ ਕਮਿਊਨਟੀ ਸਰਵਿਸ ਐਕਟ*

*ਚਾਇਲਡ, ਫੈਮਿਲੀ ਐਂਡ ਕਮਿਊਨਟੀ ਸਰਵਿਸ ਐਕਟ* ਦਾ ਸੈਕਸ਼ਨ 14 ਇਹ ਮੰਗ ਕਰਦਾ ਹੈ ਕਿ ਹਰ ਵਿਅਕਤੀ ਜਿਸ ਕੋਲ

ਇਹ ਯਕੀਨ ਕਰਨ ਦਾ ਕਾਰਨ ਹੈ ਕਿ ਕਿਸੇ ਬੱਚੇ ਨੂੰ "ਹਿਫਾਜ਼ਤ ਦੀ ਲੋੜ ਹੈ" ਤਾਂ ਜਿਵੇਂ ਕਿ ਐਕਟ ਦੇ ਸੈਕਸ਼ਨ 13 ਵਿਚ ਦੱਸਿਆ ਗਿਆ ਹੈ, ਉਸ ਲਈ ਮਾਮਲੇ ਦੀ ਰਿਪੋਰਟ ਡਾਇਰੈਕਟਰ ਕੋਲ ਜਾਂ ਡਾਇਰੈਕਟਰ ਵਲੋਂ ਨਿਯੁਕਤ ਕੀਤੇ ਚਾਇਲਡ ਪ੍ਰੋਟੈਕਸ਼ਨ ਵਰਕਰ ਕੋਲ ਸਮੇਂ ਸਿਰ ਕਰਨਾ ਜ਼ਰੂਰੀ ਹੈ। ਆਮ ਤੌਰ 'ਤੇ ਇਹ ਉਮੀਦ ਰੱਖਣਾ ਵਾਜਬ ਹੈ ਕਿ ਜਿੱਥੇ ਲੋੜ ਹੋਵੇ ਪੁਲੀਸ ਰਿਪੋਰਟ ਕਰੇਗੀ। ਜੇ ਇਹ ਯਕੀਨ ਕਰਨ ਦਾ ਕਾਰਨ ਹੈ ਕਿ ਪੁਲੀਸ ਨੇ ਰਿਪੋਰਟ ਨਹੀਂ ਕੀਤੀ ਜਾਂ ਜਿੱਥੇ ਕਰਾਊਨ ਕੌਂਸਲ ਨੂੰ ਹੋਰ ਜਾਣਕਾਰੀ ਮਿਲਦੀ ਹੈ ਜਿਹੜੀ ਆਰ ਸੀ ਸੀ ਵਿਚ ਸ਼ਾਮਲ ਨਹੀਂ ਹੈ ਜਿਹੜੀ ਇਹ ਯਕੀਨ ਕਰਨ ਦਾ ਕਾਰਨ ਪ੍ਰਦਾਨ ਕਰਦੀ ਹੈ ਕਿ ਬੱਚੇ ਨੂੰ ਐਕਟ ਵਿਚ ਦੱਸੇ ਮੁਤਾਬਕ ਹਿਫਾਜ਼ਤ ਦੀ ਲੋੜ ਹੈ ਤਾਂ ਕਾਨੂੰਨ ਇਹ ਮੰਗ ਕਰਦਾ ਹੈ ਕਿ ਕਰਾਊਨ ਕੌਂਸਲ ਇਸ ਦੀ ਰਿਪੋਰਟ ਕਰੇ।

## ਪੀੜਿਤਾਂ ਨੂੰ ਜਾਣਕਾਰੀ ਦੇਣਾ (ਸਮੇਤ "ਜ਼ਿਆਦਾ ਖਤਰੇ ਵਾਲੇ" ਕੇਸਾਂ ਦੇ)

ਸਾਰੇ ਪੀੜਿਤਾਂ ਨੂੰ ਪੀੜਿਤਾਂ ਲਈ ਸੇਵਾਵਾਂ ਦੀ ਮੌਜੂਦਗੀ ਬਾਰੇ ਦੱਸਿਆ ਜਾਣਾ ਚਾਹੀਦਾ ਹੈ।

ਕਰਾਊਨ ਕੌਂਸਲ ਨੂੰ ਜਾਂ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦੇ ਨਿਯੁਕਤ ਕੀਤੇ ਗਏ ਵਿਅਕਤੀ ਨੂੰ ਲਾਏ ਗਏ ਕਿਸੇ ਚਾਰਜਾਂ, ਰਿਹਾਈ ਦੀਆਂ ਸ਼ਰਤਾਂ, ਜਾਂ ਕੇਸ ਵਿਚ ਹੋਈਆਂ ਹੋਰ ਤਬਦੀਲੀਆਂ ਬਾਰੇ ਪੀੜਿਤ ਨੂੰ ਸਮੇਂ ਸਿਰ ਜਾਣਕਾਰੀ ਦੇਣੀ ਚਾਹੀਦੀ ਹੈ ਜਿਵੇਂ ਕਿ ਬੀ ਸੀ *ਵਿਕਟਿਮਜ਼ ਔਫ ਕਰਾਇਮ ਐਕਟ*, ਫੈਡਰਲ *ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* ਅਤੇ *ਵਿਕਟਿਮਜ਼ ਔਫ ਕਰਾਇਮ-ਪ੍ਰੋਵਾਈਡਿੰਗ ਅਸਿਸਟੈਂਸ ਐਂਡ ਇਨਫਰਮੇਸ਼ਨ ਟੂ (ਵੀ ਆਈ ਸੀ 1)* ਬਾਰੇ ਪਾਲਸੀ ਮੰਗ ਕਰਦੇ ਹਨ।

ਜਿਨ੍ਹਾਂ ਕੇਸਾਂ ਦੀ ਪੁਲੀਸ ਵਲੋਂ "ਜ਼ਿਆਦਾ ਖਤਰੇ" ਵਾਲੇ ਵਜੋਂ ਪਛਾਣ ਹੁੰਦੀ ਹੈ, ਉੱਥੇ ਕਰਾਊਨ ਕੌਂਸਲ ਜਾਂ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦੇ ਨਿਯੁਕਤ ਕੀਤੇ ਗਏ ਵਿਅਕਤੀ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਪੀੜਿਤ ਅਤੇ ਪੁਲੀਸ ਨੂੰ ਜਿੰਨਾ ਵੀ ਛੇਤੀ ਸੰਭਵ ਹੋਵੇ ਰਿਹਾਈ, ਰਿਹਾਈ ਦੀਆਂ ਸ਼ਰਤਾਂ ਅਤੇ ਅਦਾਲਤ ਦੇ ਫੈਸਲੇ ਬਾਰੇ ਦੱਸ ਦਿੱਤਾ ਗਿਆ ਹੈ। ਇਸ ਨਾਲ ਪੀੜਿਤ ਲੋੜ ਪੈਣ 'ਤੇ ਪੁਲੀਸ ਨਾਲ ਸੰਪਰਕ ਕਰਨ ਦੀ ਸਥਿਤੀ ਵਿਚ ਹੋਵੇਗਾ। ਜਸਟਿਸ/ਬੱਚੇ ਦੀ ਭਲਾਈ ਦੇ ਹੋਰ ਭਾਈਵਾਲਾਂ (ਜਿਵੇਂ ਕੋਰੈਕਸ਼ਨਜ਼, ਮਨਿਸਟਰੀ ਔਫ ਚਾਇਲਡ ਐਂਡ ਫੈਮਿਲੀ ਡਿਵੈਲਪਮੈਂਟ) ਨੂੰ ਛੇਤੀ ਤੋਂ ਛੇਤੀ ਸੂਚਿਤ ਕਰਨ ਦੀ ਜ਼ਿੰਮੇਵਾਰੀ ਪੁਲੀਸ ਦੀ ਹੋਵੇਗੀ, ਜੇ ਕਮਿਊਨਟੀ ਵਿਚ ਕਰਾਊਨ ਕੌਂਸਲ ਵਲੋਂ ਅਜਿਹਾ ਕਰਨ ਦੀ ਸਹਿਮਤੀ ਵਾਲੀ ਪ੍ਰੈਕਟਿਸ ਨਹੀਂ ਹੈ।

## ਝਿਜਕਦੇ ਗਵਾਹ

ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸਾਂ ਦੇ ਮੁਕੱਦਮਿਆਂ ਵਿਚ ਅਕਸਰ ਝਿਜਕਦੀ/ਝਿਜਕਦਾ ਪੀੜਿਤ ਜਾਂ ਹੋਰ ਗਵਾਹ ਸ਼ਾਮਲ ਹੁੰਦੇ ਹਨ। ਕਥਿਤ ਦੋਸ਼ੀ ਅਤੇ ਹੋਰ ਅਦਾਲਤ ਦੀ ਕਾਰਵਾਈ ਦੇ ਕਿਸੇ ਵੀ ਪੱਧਰ 'ਤੇ ਅਢੁਕਵਾਂ ਅਸਰ ਪਾ ਸਕਦੇ ਹਨ, ਅਤੇ ਪੀੜਿਤ ਅਕਸਰ ਸੰਬੰਧਾਂ ਵਿਚ ਹੋਈ ਹਿੰਸਾ ਦੀ ਕਠੋਰਤਾ ਨੂੰ ਘਟਾ ਕੇ ਦੇਖਦੇ ਹਨ ਜਾਂ ਇਸ ਦੀ ਹੋਂਦ ਤੋਂ ਮੁਨਕਰ ਹੁੰਦੇ ਹਨ। ਕਰਾਊਨ ਕੌਂਸਲ ਨੂੰ ਗਵਾਹੀ ਦੇਣ ਵਿਚ ਕਿਸੇ ਵੀ ਝਿਜਕ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਸ ਦੇ ਟਾਕਰੇ ਲਈ ਜੁਗਤਾਂ ਬਣਾਉਣੀਆਂ ਚਾਹੀਦੀਆਂ ਹਨ। ਜਦੋਂ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਪੀੜਿਤ ਜਾਂ ਗਵਾਹ ਨੂੰ ਧਮਕੀਆਂ ਦਿੱਤੀਆਂ ਗਈਆਂ ਹਨ ਜਾਂ ਕੇਸ ਵਿਚ ਦਖਲਅੰਦਾਜ਼ੀ ਕੀਤੀ ਗਈ ਹੈ ਤਾਂ ਕਰਾਊਨ ਕੌਂਸਲ ਨੂੰ ਮਾਮਲਾ ਪੜਤਾਲ ਲਈ ਪੁਲੀਸ ਕੋਲ ਭੇਜਣਾ ਚਾਹੀਦਾ ਹੈ।

ਪੀੜਿਤਾਂ ਲਈ ਸੇਵਾਵਾਂ ਦੀ ਸ਼ਮੂਲੀਅਤ ਅਦਾਲਤ ਦੀ ਕਾਰਵਾਈ ਰਾਹੀਂ ਲੰਘਣ ਵਿਚ ਪੀੜਿਤਾਂ ਦੀ ਮਦਦ ਕਰ ਸਕਦੀ ਹੈ।

ਪੀੜਿਤਾਂ ਨੂੰ ਗਵਾਹੀ ਦੇਣ ਲਈ ਨਿੱਜੀ ਸਫੀਨਾ ਦਿੱਤਾ ਜਾਣਾ ਚਾਹੀਦਾ ਹੈ, ਪਰ ਸਿਰਫ ਸੀਮਤ ਹਾਲਤਾਂ ਵਿਚ ਹੀ ਕਿਸੇ ਪੀੜਿਤ ਲਈ ਮਾਟੀਰੀਅਲ ਵਿਟਨੈੱਸ ਵਾਰੰਟ ਮੰਗਿਆ ਜਾਣਿਆ ਚਾਹੀਦਾ ਹੈ ਜਿਹੜਾ ਪੀੜਿਤ ਪੇਸ਼ ਹੋਣ ਵਿਚ ਫੇਲ੍ਹ ਹੋਇਆ ਹੈ। ਕਰਾਊਨ ਕੌਂਸਲ ਨੂੰ ਸਾਰੇ ਸਬੂਤਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ, ਜਿਸ ਵਿਚ, ਇਸ ਗੱਲ ਦੀ ਸੰਭਾਵਨਾ ਕਿ ਪੀੜਿਤ ਗਵਾਹੀ ਦੇਵੇਗਾ ਅਤੇ ਕੇਸ ਦੇ ਹਾਲਾਤ, ਜਿਗਰੀ ਸਾਥੀ ਵਲੋਂ ਕਥਿਤ ਹਿੰਸਾ ਦੀ ਕਠੋਰਤਾ, ਅਤੇ ਬੱਚਿਆਂ ਅਤੇ ਹੋਰਨਾਂ ਦੀ ਰੱਖਿਆ ਕਰਨ ਦੀ ਲੋੜ ਸ਼ਾਮਲ ਹਨ, ਅਤੇ ਪੀੜਿਤ ਲਈ ਮਾਟੀਰੀਅਲ ਵਿਟਨੈੱਸ ਵਾਰੰਟ ਲੈਣ ਲਈ ਅਪਲਾਈ ਕਰਨ ਤੋਂ ਪਹਿਲਾਂ ਪ੍ਰਬੰਧਕੀ ਕਰਾਊਨ ਕੌਂਸਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਜਿੱਥੇ ਕਰਾਊਨ ਕੌਂਸਲ ਇਹ ਪੱਕਾ ਕਰਨ ਦੇ ਅਯੋਗ ਹੋਵੇ ਕਿ ਪੀੜਿਤ ਗਵਾਹੀ ਦੇਵੇਗਾ ਕਿ ਨਹੀਂ ਤਾਂ ਉਨ੍ਹਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਹੋਰ ਸਬੂਤ ਮੌਜੂਦ ਹਨ ਜਾਂ ਨਹੀਂ।

## ਗਵਾਹੀ ਦੇਣ ਵਿਚ ਮਦਦਾਂ ਜਾਂ ਪਬਲੀਕੇਸ਼ਨ ਬੈਨ

*ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* ਦੇ ਸੈਕਸ਼ਨ 13 ਅਤੇ 19 ਇਹ ਕਹਿੰਦੇ ਹਨ ਕਿ ਹਰ ਪੀੜਿਤ ਨੂੰ ਕਾਨੂੰਨੀ ਸਿਸਟਮ ਰਾਹੀਂ ਕਾਰਵਾਈਆਂ ਵਿਚ ਗਵਾਹ ਵਜੋਂ ਪੇਸ਼ ਹੋਣ ਵੇਲੇ ਗਵਾਹੀ ਦੇਣ ਵਿਚ ਮਦਦ ਕਰਨ ਵਾਲੇ ਸਾਧਨਾਂ ਲਈ ਬੇਨਤੀ ਕਰਨ ਦਾ ਹੱਕ ਹੈ।

ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸੈਕਸ਼ਨ 486 ਤੋਂ ਲੈ ਕੇ ਸੈਕਸ਼ਨ 486.5 ਤੱਕ ਦੇ ਹੇਠ ਗਵਾਹੀ ਦੇਣ ਵਿਚ ਮਦਦਾਂ ਜਾਂ ਪਬਲੀਕੇਸ਼ਨ ਬੈਨ (ਜਾਣਕਾਰੀ ਨੂੰ ਪ੍ਰਕਾਸ਼ਤ ਕਰਨ 'ਤੇ ਪਾਬੰਦੀ) ਉਪਲਬਧ ਹਨ। ਢੁਕਵੀਂਆਂ ਹਾਲਤਾਂ ਵਿਚ, ਅਦਾਲਤ ਇਨ੍ਹਾਂ ਲਈ ਆਰਡਰ ਕਰ ਸਕਦੀ ਹੈ:

- ਲੋਕਾਂ ਨੂੰ ਬਾਹਰ ਰੱਖਣ ਜਾਂ ਗਵਾਹਾਂ ਨੂੰ ਲੋਕਾਂ ਦੀ ਨਿਗ੍ਹਾ ਤੋਂ ਬਾਹਰ ਰੱਖਣ ਦਾ (ਸੈਕਸ਼ਨ 486 (1))
- ਮਦਦ ਕਰਨ ਵਾਲੇ ਕਿਸੇ ਵਿਅਕਤੀ ਦਾ (ਸੈਕਸ਼ਨ 486.1)
- ਗਵਾਹ ਨੂੰ ਕਿਸੇ ਵੱਖਰੇ ਕਮਰੇ ਤੋਂ ਜਾਂ ਪਰਦੇ ਦੇ ਪਿੱਛੇ ਤੋਂ ਜਾਂ ਕਿਸੇ ਹੋਰ ਯੰਤਰ ਨਾਲ ਗਵਾਹੀ ਦੇਣ ਦਾ (ਸੈਕਸ਼ਨ 486.2)
- ਨਿਯੁਕਤ ਵਕੀਲ ਵਲੋਂ ਜਿਰ੍ਹਾ ਕਰਨ ਦਾ (ਜਿੱਥੇ ਕਥਿਤ ਦੋਸ਼ੀ ਦੀ ਨੁਮਾਇੰਦਗੀ ਨਹੀਂ ਹੋ ਰਹੀ)
- ਪੀੜਿਤ ਦੀ ਪਛਾਣ ਦੇ ਸੰਬੰਧ ਵਿਚ ਪਬਲੀਕੇਸ਼ਨ ਬੈਨ (ਸੈਕਸ਼ਨ 486.4 ਅਤੇ ਸੈਕਸ਼ਨ 486.5)

ਬਹੁਤ ਘੱਟ ਕੇਸਾਂ ਵਿਚ, ਜਿੱਥੇ ਢੁਕਵਾਂ ਹੋਵੇ, ਕਰਾਊਨ ਕੌਂਸਲ *ਕ੍ਰਿਮੀਨਲ ਕੋਡ* ਦੇ ਸੈਕਸ਼ਨ 486.31 ਹੇਠ ਵੀ ਇਕ ਆਰਡਰ ਲੈਣ ਲਈ ਅਪਲਾਈ ਕਰ ਸਕਦਾ ਹੈ, ਜਿਹੜਾ ਆਰਡਰ ਇਹ ਹਿਦਾਇਤ ਕਰਦਾ ਹੈ ਕਿ ਕੋਈ ਵੀ ਅਜਿਹੀ ਜਾਣਕਾਰੀ ਜਿਹੜੀ ਅਦਾਲਤੀ ਕਾਰਵਾਈ ਦੌਰਾਨ ਗਵਾਹ ਦੀ ਪਛਾਣ ਕਰ ਸਕਦੀ ਹੋਵੇ, ਉਹ ਗਵਾਹ ਦੀ ਸੇਫਟੀ ਦੀ ਰੱਖਿਆ ਕਰਨ ਲਈ, *ਕ੍ਰਿਮੀਨਲ ਕੋਡ* ਦੇ ਸੈਕਸ਼ਨ 486.7 ਹੇਠ ਜਾਰੀ ਨਾ ਕੀਤੀ ਜਾਵੇ। ਅਜਿਹੇ ਆਰਡਰ ਲਈ ਅਪਲਾਈ ਕਰਨ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਨ੍ਹਾਂ ਦੇ ਸੰਬੰਧਿਤ ਡਿਪਟੀ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ।

## ਸੁਣਵਾਈ ਲਈ ਤਿਆਰੀ ਕਰਨਾ

ਜਿੱਥੇ ਇਹ ਯਕੀਨ ਕਰਨ ਦੇ ਵਾਜਬ ਆਧਾਰ ਹੋਣ ਕਿ ਗੰਭੀਰ ਸਰੀਰਕ ਨੁਕਸਾਨ ਜਾਂ ਮੌਤ ਦਾ ਜਾਂ ਪੀੜਿਤ ਦਾ ਨੁਕਸਾਨ ਦੀ ਜ਼ਦ ਵਿਚ ਆਉਣ ਦਾ ਸੰਭਾਵੀ ਖਤਰਾ ਹੈ, (*ਵੌਲਨਰੇਬਲ ਵਿਕਟਿਮਜ਼ ਐਂਡ ਵਿਟਨੈਸਿਜ਼ – ਅਡੱਲਟ* (ਵੀ ਯੂ ਐੱਲ 1)) ਤਾਂ ਫਾਇਲ ਮੁਕੱਦਮੇ ਚਲਾਉਣ ਵਾਲੇ ਵਕੀਲ ਨੂੰ ਸਮੇਂ ਤੋਂ ਪਹਿਲਾਂ ਦੀ ਤਾਰੀਕ 'ਤੇ ਸੌਂਪੀ ਜਾਣੀ ਚਾਹੀਦੀ ਹੈ ਅਤੇ ਨਿਯੁਕਤ ਕੀਤੇ ਗਏ ਕਰਾਊਨ ਕੌਂਸਲ ਨੂੰ ਇਹ ਵੀ ਕਰਨਾ ਚਾਹੀਦਾ ਹੈ:

- ਪੀੜਿਤ, ਪੁਲੀਸ, ਪੀੜਿਤਾਂ ਲਈ ਸੇਵਾਵਾਂ ਅਤੇ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨਾਲ ਗੱਲਬਾਤ ਅਤੇ ਤਾਲਮੇਲ ਵਧਾਉਣਾ ਚਾਹੀਦਾ ਹੈ
- ਮੁਕੱਦਮੇ ਦੀ ਅਗੇਤੀ ਤਾਰੀਕ ਮੰਗਣੀ ਚਾਹੀਦੀ ਹੈ
- *ਕ੍ਰਿਮੀਨਲ ਕੋਡ* ਦੇ ਸੈਕਸ਼ਨਾਂ 486 ਤੋਂ 486.31 ਤੱਕ ਅਤੇ ਸੈਕਸ਼ਨ 486.7 ਹੇਠ ਉਪਲਬਧ ਹੋਣ ਵਾਲੀਆਂ ਗਵਾਹੀ ਦੇਣ ਵਿਚ ਮਦਦਾਂ ਅਤੇ ਸਹੂਲਤਾਂ ਜਾਂ ਪਬਲੀਕੇਸ਼ਨ ਬੈਨਜ਼ ਦੀ ਅਗਾਊਂ ਪਛਾਣ ਅਤੇ ਪੀੜਿਤ ਨੂੰ ਇਤਲਾਹ ਯਕੀਨੀ ਬਣਾਉਣੀ ਚਾਹੀਦੀ ਹੈ

## ਨਿਪਟਾਰੇ ਬਾਰੇ ਗੱਲਬਾਤ

ਨਿਪਟਾਰੇ (ਰੈਜ਼ੋਲੂਸ਼ਨ) ਬਾਰੇ ਗੱਲਬਾਤ ਸ਼ੁਰੂ ਕਰਨ ਜਾਂ ਜਿਗਰੀ ਸਾਥੀ ਵਲੋਂ ਹਿੰਸਾ ਦੇ ਕੇਸ ਵਿਚ ਕਾਰਵਾਈ ਰੋਕਣ ਤੋਂ ਪਹਿਲਾਂ, ਕਰਾਊਨ ਕੌਂਸਲ ਨੂੰ *ਰੈਜ਼ੋਲੂਸ਼ਨ ਡਿਸਕਸ਼ਨਜ਼ ਐਂਡ ਸਟੇਅਜ਼ ਔਫ ਪ੍ਰੋਸੀਡਿੰਗਜ਼* (ਆਰ ਈ ਐੱਸ 1) 'ਤੇ ਪਾਲਸੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਸਜ਼ਾ

ਪੀੜਤਾਂ ਨੂੰ, *ਵਿਕਟਿਮਜ਼ ਔਫ ਕਰਾਇਮ ਐਕਟ* ਦੇ ਸੈਕਸ਼ਨ 4 ਅਤੇ *ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* ਦੇ ਸੈਕਸ਼ਨ 15 ਅਤੇ 19 ਅਨੁਸਾਰ ਪੀੜਤ 'ਤੇ ਅਸਰ ਦਾ ਬਿਆਨ (ਵਿਕਟਿਮ ਇਮਪੈਕਟ ਸਟੇਟਮੈਂਟ) ਅਤੇ ਜਾਣਕਾਰੀ ਦੇਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਜਿੱਥੇ ਕਮਿਊਨਟੀ ਦੀ ਨਿਗਰਾਨੀ ਢੁਕਵੀਂ ਹੋਵੇ, ਕਰਾਊਨ ਕੌਂਸਲ ਨੂੰ ਕੋਰੈਕਸ਼ਨਜ਼ ਬਰਾਂਚ ਵਲੋਂ ਦਿੱਤੇ ਜਾਂਦੇ *"ਰੀਲੇਸ਼ਨਸ਼ਿਪ ਵਾਇਲੈਂਸ ਪ੍ਰੀਵੈਨਸ਼ਨ ਪ੍ਰੋਗਰਾਮ"* (ਅੰਤਿਕਾ ਏ ਦੇਖੋ) ਨਾਂ ਦੇ ਪ੍ਰੋਗਰਾਮ ਵਿਚ ਦੋਸ਼ੀ ਦੇ ਹਿੱਸਾ ਲੈਣ ਦੀ ਲੋੜ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਅਤੇ ਜੇ ਢੁਕਵਾਂ ਹੋਵੇ ਤਾਂ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਦੀ ਰਿਪੋਰਟ ਲਈ ਬੇਨਤੀ ਕਰਨੀ ਚਾਹੀਦੀ ਹੈ।

ਕਰਾਊਨ ਕੌਂਸਲ ਨੂੰ ਅਜਿਹੀਆਂ ਸ਼ਰਤਾਂ ਦੀ ਮੰਗ ਕਰਨੀ ਚਾਹੀਦੀ ਹੈ ਜਿਹੜੀਆਂ ਪੀੜਤ ਦੀ ਰੱਖਿਆ ਕਰਨਗੀਆਂ। ਇਨ੍ਹਾਂ ਵਿਚ "ਕੋਈ ਸੰਪਰਕ ਨਹੀਂ" ਅਤੇ ਰਿਪੋਰਟ ਕਰਨ ਦੀ ਸ਼ਰਤ ਦੇ ਨਾਲ ਨਾਲ, ਕਿਸੇ ਕੌਂਸਲਿੰਗ ਜਾਂ ਪ੍ਰੋਗਰਾਮ ਵਿਚ ਸ਼ਾਮਲ ਹੋਣਾ, ਹਿੱਸਾ ਲੈਣਾ ਅਤੇ ਇਸ ਨੂੰ ਕਾਮਯਾਬੀ ਨਾਲ ਪੂਰਾ ਕਰਨਾ ਸ਼ਾਮਲ ਹੋ ਸਕਦਾ ਹੈ।

ਕਰਾਊਨ ਕੌਂਸਲ ਨੂੰ ਸੈਕਸ਼ਨ 743.21 ਹੇਠ ਅਜਿਹਾ ਆਰਡਰ ਲੈਣ ਲਈ ਬੇਨਤੀ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਜਿਹੜਾ ਦੋਸ਼ੀ ਨੂੰ ਸਜ਼ਾ ਦੇ ਨਿਗਰਾਨੀ ਵਾਲੇ ਸਮੇਂ ਦੌਰਾਨ ਕਿਸੇ ਵੀ ਪੀੜਤ ਜਾਂ ਗਵਾਹ ਨਾਲ ਸਿੱਧੇ ਜਾਂ ਅਸਿੱਧੇ ਗੱਲ ਕਰਨ ਤੋਂ ਮਨਾਹੀ ਕਰਦਾ ਹੋਵੇ।

ਕਰਾਊਨ ਕੌਂਸਲ ਨੂੰ ਸੈਕਸ਼ਨ 487.051 ਹੇਠ ਡੀ ਐੱਨ ਏ ਆਰਡਰ ਲੈਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ *ਕ੍ਰਿਮੀਨਲ ਕੋਡ* ਦੇ ਸੈਕਸ਼ਨ 109 ਜਾਂ 110 ਹੇਠ ਹਥਿਆਰਾਂ ਦੀ ਮਨਾਹੀ ਲਾਜ਼ਮੀ ਹੈ ਜਾਂ ਮਰਜ਼ੀ 'ਤੇ ਹੈ, ਸੈਕਸ਼ਨ 109(1)(ਏ.1) ਜਾਂ 110(2.1) ਹੇਠਲੀਆਂ ਸ਼ਰਤਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ, ਜੋ ਕਿ ਖਾਸ ਤੌਰ 'ਤੇ ਜਿਗਰੀ ਸਾਥੀ ਵਲੋਂ ਹਿੰਸਾ ਨਾਲ ਸਿੱਝਦੀਆਂ ਹਨ। ਹਥਿਆਰਾਂ ਦੀ ਮਨਾਹੀ ਨੂੰ ਸੈਕਸ਼ਨ 109, 110, ਜਾਂ 810 (3.1) ਵਿਚ ਸ਼ੁਮਾਰ ਚੀਜ਼ਾਂ ਨੂੰ ਅਤੇ ਇਸ ਦੇ ਨਾਲ ਨਾਲ ਇਨ੍ਹਾਂ ਦੀ ਨਕਲ ਕਰਨ ਵਾਲੇ ਹਥਿਆਰਾਂ ਨੂੰ ਕਵਰ ਕਰਨਾ ਚਾਹੀਦਾ ਹੈ।

ਜਿੱਥੇ ਮਨਾਹੀ ਦਾ ਆਰਡਰ ਕੀਤਾ ਜਾਂਦਾ ਹੈ, ਕਰਾਊਨ ਕੌਂਸਲ ਨੂੰ ਸੈਕਸ਼ਨ 114 ਹੇਠ ਇਹ ਆਰਡਰ ਵੀ ਮੰਗਣਾ ਚਾਹੀਦਾ ਹੈ ਕਿ ਸੈਕਸ਼ਨ 115 ਹੇਠ ਅਸਲੇ ਨੂੰ ਜ਼ਬਤ ਕਰਨ ਵੇਲੇ ਅਸਲੇ ਦਾ ਲਾਇਸੰਸ ਵੀ ਹਵਾਲੇ ਕੀਤਾ ਜਾਵੇ। ਭਾਵੇਂ ਕਿ ਸੈਕਸ਼ਨ 116 ਮਨਾਹੀ ਦਾ ਆਰਡਰ ਹੋਣ 'ਤੇ ਲਸੰਸਾਂ/ਰਜਿਸਟਰੇਸ਼ਨਾਂ ਦੀ ਆਪਣੇ ਆਪ ਮਨਸੂਖੀ ਕਰਦਾ ਹੈ, ਪਰ ਮਨਾਹੀ ਨੂੰ ਇਲੈਕਟਰੌਨਿਕ ਰਜਿਸਟਰੇਸ਼ਨ ਸਿਸਟਮ 'ਤੇ ਦਿਖਾਈ ਦੇਣ ਨੂੰ ਕੁਝ ਸਮਾਂ ਲੱਗ ਸਕਦਾ ਹੈ। ਸੈਕਸ਼ਨ 114 ਹੇਠ ਕੀਤਾ ਗਿਆ ਆਰਡਰ, ਮਨਾਹੀ ਦੀ ਰਜਿਸਟਰੇਸ਼ਨ ਹੋਣ ਤੱਕ ਦੋਸ਼ੀ ਨੂੰ ਲਸੰਸ ਹੇਠ ਹੋਰ ਅਸਲਾ ਹਾਸਲ ਕਰਨ ਤੋਂ ਰੋਕਦਾ ਹੈ।

ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ *ਕ੍ਰਿਮੀਨਲ ਕੋਡ* ਦੇ ਸੈਕਸ਼ਨ 738 ਜਾਂ 739 ਹੇਠ ਹਰਜਾਨੇ ਦਾ ਆਰਡਰ ਢੁਕਵਾਂ ਹੈ ਜਾਂ ਨਹੀਂ ਅਤੇ ਉਸ ਨੂੰ ਪੀੜਤਾਂ ਨੂੰ ਇਹ ਮੌਕਾ ਦੇਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਕੀ ਉਹ ਆਪਣੇ ਘਾਟਿਆਂ ਅਤੇ ਨੁਕਸਾਨਾਂ ਲਈ ਹਰਜਾਨਾ ਮੰਗ ਰਹੇ ਹਨ ਜਾਂ ਨਹੀਂ।

# ਹੋਰ ਜਾਣਕਾਰੀ

## ਖਤਰੇ ਦੇ ਪੱਖਾਂ ਦੀ ਪਛਾਣ ਕਰਨਾ

ਜਿਗਰੀ ਸਾਥੀ ਵਲੋਂ ਹਿੰਸਾ ਨਾਲ ਖਤਰੇ ਦੇ ਕਈ ਪੱਖ ਜੁੜੇ ਹੋਏ ਹੁੰਦੇ ਹਨ, ਜਿਨ੍ਹਾਂ ਵਿਚ ਸ਼ਾਮਲ ਹਨ:

### ਕਥਿਤ ਦੋਸ਼ੀ ਦੀ ਹਿਸਟਰੀ

- ਕਥਿਤ ਦੋਸ਼ੀ ਦੀ ਧਮਕੀਆਂ ਦੇਣ, ਕੁੱਟਮਾਰ ਕਰਨ, ਕਾਮੁਕ ਹਮਲਿਆਂ, ਅਤੇ ਮੁਜਰਮਾਨਾ ਤੌਰ ’ਤੇ ਪਰੇਸ਼ਨ ਕਰਨ ਦੀ ਮੁਜਰਮਾਨਾ ਹਿੰਸਾ ਦੀ ਹਿਸਟਰੀ
- ਜਿਗਰੀ ਸਾਥੀ ਵਲੋਂ ਪਹਿਲਾਂ ਹਿੰਸਾ, ਧਮਕੀਆਂ ਜਾਂ ਬੁਰਾ ਵਰਤਾਉ ਕਰਨ ਵਾਲੇ ਵਤੀਰੇ ਦਾ ਪਤਾ ਹੋਣਾ
- ਕੋਰਟ ਦੇ ਆਰਡਰ, ਜਾਂ ਕੋਰਟ ਦੇ ਆਰਡਰਾਂ ਦੀ ਉਲੰਘਣਾ ਦੀ ਹਿਸਟਰੀ
- ਨਸ਼ਿਆਂ ਜਾਂ ਸ਼ਰਾਬ ਦੀ ਦੁਰਵਰਤੋਂ ਦੀ ਹਿਸਟਰੀ
- ਪੱਕਾ ਕੰਮ ਨਾ ਹੋਣਾ, ਬੇਰੁਜ਼ਗਾਰੀ, ਜਾਂ ਮਾਇਕ ਸਮੱਸਿਆਵਾਂ
- ਮਾਨਸਿਕ ਬੀਮਾਰੀ ਦੀ ਹਿਸਟਰੀ
- ਖੁਦਕਸ਼ੀ ਦੇ ਖਿਆਲ, ਧਮਕੀਆਂ ਜਾਂ ਕੋਸ਼ਿਸ਼ਾਂ
- ਹਥਿਆਰ/ਅਸਲੇ ਤੱਕ ਪਹੁੰਚ, ਵਰਤੋਂ ਜਾਂ ਵਰਤਣ ਦੀਆਂ ਧਮਕੀਆਂ

### ਪੀੜਿਤ ਦੀ ਖਤਰੇ ਦੀ ਸੂਝ

- ਪੀੜਿਤ ਦੀ ਨਿੱਜੀ ਸੇਫਟੀ ਦੀ ਸੂਝ
- ਪੀੜਿਤ ਦੀ ਭਵਿੱਖ ਵਿਚ ਹਿੰਸਾ ਬਾਰੇ ਸੂਝ

### ਸੰਬੰਧਾਂ ਦੀ ਹਿਸਟਰੀ

- ਸੰਬੰਧਾਂ ਦੀ ਮੌਜੂਦਾ ਸਥਿਤੀ (ਬੀਤੇ ਸਮੇਂ ਵਿਚ, ਹੁਣੇ ਹੁਣੇ ਸੈਪਾਰੇਸ਼ਨ ਹੋਈ ਹੈ ਜਾਂ ਹੋ ਰਹੀ ਹੈ)
- ਹਿੰਸਾ/ਬੁਰੇ ਵਰਤਾਉ ਦੀ ਦਰ/ਤੀਬਰਤਾ ਵਿਚ ਤੇਜ਼ੀ
- 19 ਸਾਲ ਤੋਂ ਘੱਟ ਉਮਰ ਦੇ ਬੱਚੇ ਘਰ ਵਿਚ ਰਹਿੰਦੇ ਹਨ ਜਾਂ ਕਸਟੱਡੀ ਦੇ ਝਗੜੇ ਵਿਚ ਹਨ
- ਧਮਕੀਆਂ
- ਜਬਰੀ ਸੰਭੋਗ
- ਗਲ ਦਬਾਉਣਾ, ਸਾਹ ਰੋਕਣਾ, ਜਾਂ ਦੰਦੀਆਂ ਵੱਢਣਾ
- ਪਿੱਛਾ ਕਰਨਾ
- ਪੀੜਿਤ ਦੀ ਮੁਕਾਬਲਤਨ ਸਮਾਜਿਕ ਬੇਵੱਸੀ ਦੀ ਜਾਣਕਾਰੀ (ਸਭਿਆਚਾਰਕ ਜਾਂ ਘੱਟ ਪੁੱਛ-ਗਿੱਛ ਵਾਲੇ ਪੱਖ)

# ਅੰਤਿਕਾ ਏ

## ਕੋਰੈਕਸ਼ਨਜ਼ ਬਰਾਂਚ ਦਾ ਰਿਸ਼ਤਿਆਂ ਵਿਚ ਹਿੰਸਾ ਤੋਂ ਰੋਕਥਾਮ ਦਾ ਪ੍ਰੋਗਰਾਮ

ਕੋਰੈਕਸ਼ਨਜ਼ ਬਰਾਂਚ, ਜਿਗਰੀ ਸਾਥੀਆਂ ਵਲੋਂ ਹਿੰਸਾ ਦੇ ਕੇਸਾਂ ਦੇ ਦਰਮਿਆਨੇ ਅਤੇ ਜ਼ਿਆਦਾ ਖਤਰੇ ਵਾਲੇ ਦੋਸ਼ੀਆਂ ਅਤੇ ਕੋਰਟ ਵਲੋਂ ਆਰਡਰ ਕੀਤੇ ਗਏ ਹੋਰ ਵਿਅਕਤੀਆਂ (ਜਿਵੇਂ ਸੈਕਸ਼ਨ 810 ਵਿਚਲੇ ਦੋਸ਼ੀ) ਲਈ *ਰਿਸ਼ਤਿਆਂ ਵਿਚ ਹਿੰਸਾ ਤੋਂ ਰੋਕਥਾਮ ਦਾ ਪ੍ਰੋਗਰਾਮ* ਪ੍ਰਦਾਨ ਕਰਦੀ ਹੈ। ਪ੍ਰੋਗਰਾਮ ਦੇ ਲੜੀਵਾਰ ਦੋ ਹਿੱਸੇ ਹਨ: *ਰਿਸਪੈਕਟਫੁੱਲ ਰਿਲੇਸ਼ਨਸ਼ਿਪਸ*, ਕੋਰੈਕਸ਼ਨਜ਼ ਬਰਾਂਚ ਵਲੋਂ ਦਿੱਤਾ ਜਾਂਦਾ 10 ਹਫਤਿਆਂ ਦਾ ਪ੍ਰੋਗਰਾਮ, ਅਤੇ *ਰਿਲੇਸ਼ਨਸ਼ਿਪ ਵਾਇਲੈਂਸ ਪ੍ਰੋਗਰਾਮ*, 17 ਹਫਤਿਆਂ ਦਾ ਇਕ ਪ੍ਰੋਗਰਾਮ ਜੋ ਕਿ ਠੇਕੇ ’ਤੇ ਦਿੱਤੀਆਂ ਸੇਵਾਵਾਂ ਦੇਣ ਵਾਲਿਆਂ ਵਲੋਂ ਦਿੱਤਾ ਜਾਂਦਾ ਹੈ।

*ਰਿਸਪੈਕਟਫੁੱਲ ਰਿਲੇਸ਼ਨਸ਼ਿਪਸ ਅਤੇ ਰਿਲੇਸ਼ਨਸ਼ਿਪ ਵਾਇਲੈਂਸ ਪ੍ਰੋਗਰਾਮ ਦੋਨਾਂ ਦੀ* ਸਾਂਝੀ ਲੰਬਾਈ 27 ਹਫਤੇ (ਤਕਰੀਬਨ 6.5 ਮਹੀਨੇ) ਹੈ। ਪ੍ਰੋਗਰਾਮ ਦੇ ਸਮੇਂ ਦੀਆਂ ਹਕੀਕਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਦੋਨਾਂ ਪ੍ਰੋਗਰਾਮਾਂ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਘੱਟੋ ਘੱਟ ਇਕ ਸਾਲ ਦੀ ਕਮਿਉਨਟੀ ਵਿਚ ਨਿਗਰਾਨੀ ਦੀ ਸਿਫਾਰਸ਼ ਕੀਤੀ ਜਾਂਦੀ ਹੈ।